ਪੰਜਾਬ / ਹਰਿਆਣਾ / ਹਿਮਾਚਲ ਪ੍ਰਦੇਸ਼ / ਜੰਮੂ ਕਸਮੀਰ
ਰਾਜਸਬਾਨ/ ਚੰਡੀਗੜ੍ਹ / ਦਿੱਲੀ / ਐਨਸੀਆਰ

ਸਾਂਝੀ ਖ਼ਬਰ

RNI No. - PUNPUN / 2014 / 59059

ਮੁੱਖ ਸੰਪਾਦਕ :- ਪੀ ਐਸ ਮਿੱਠਾ

ਰੋਜ਼ਾਨਾ

ਸਾਂਝੀ ਖ਼ਬਰ

ਸਾਂਝ ਪੰਜਾਬੀਆਂ ਦੀ

ਐਤਵਾਰ, 08 ਨਵੰਬਰ / 2026 / ਅੰਕ 298 / ਪੰਨੇ 08 / ਮੁੱਲ 7 ਰੁ:

Happy Diwali

www.sanjhikhabar.com | E-mail : khabarsanjhi@gmail.com | sanjhikhabar | sanjhikahbar





























ਦਿਵਾਲੀ ਅਤੇ ਬੰਦੀਛੋੜ ਦਿਵਸ 'ਤੇ ਜੰਡਿਆਲਾ ਗੁਰੂ ਵਿਸ਼ੇਸ਼ ਸਪਲੀਮੈਂਟ

ਸਾਂਝੀ ਖ਼ਬਰ
ਐਤਵਾਰ , 08 ਨਵੰਬਰ 2026



ਅਸ਼ਵਨੀ ਕੁਮਾਰ ਸ਼ਰਮਾ, ਸੀਨੀਅਰ ਪੱਤਰਕਾਰ ਜੰਡਿਆਲਾ ਗੁਰੂ



ਗੁਲਸ਼ਨ ਜੈਨ ਪ੍ਰਧਾਨ ਮਨੀਆਰੀ ਐਸੋਸੀਏਸ਼ਨ ਜੰਡਿਆਲਾ ਗੁਰੂ




ਬਲਜੀਤ ਸਿੰਘ



ਰੋਬਿਨ ਪਸਾਹਨ ਚੈਅਰਮੈਨ ਸਵਰਨਕਾਰ ਵੈਲਫੇਅਰ ਬੋਰਡ ਜੰਡਿਆਲਾ ਗੁਰੂ।



ਅਵਤਾਰ ਸਿੰਘ ਕਾਲਾ ਕੌਂਸਲਰ,ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ।


















ਦਿਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਲੱਖ ਲੱਖ ਵਧਾਈਆਂ









ਦੀਵਾਲੀ ਮੌਕੇ ਦਿਲਬਾਗ ਸਿੰਘ ਕੰਬੋਜ ਦਾ ਸੁਨੇਹਾ: ਤਿਉਹਾਰਾਂ ਦੀ ਰੌਸ਼ਨੀ ਦੇ ਨਾਲ ਸਮਾਜ ਵਿੱਚ ਸੱਚ, ਇਨਸਾਫ਼ ਅਤੇ ਇਨਸਾਨੀਅਤ ਦੇ ਦੀਵੇ ਜਗਾਉਣ ਦੀ ਲੋੜ

"ਪੱਤਰਕਾਰੀ ਦਾ ਮਕਸਦ ਕਿਸੇ ਦੀ ਵਾਹ-ਵਾਹ ਕਰਨਾ ਨਹੀਂ, ਸਗੋਂ ਆਮ ਲੋਕਾਂ ਦੀ ਆਵਾਜ਼ ਨੂੰ ਸਬੰਧਤ ਅਧਿਕਾਰੀਆਂ ਅਤੇ ਪ੍ਰਸ਼ਾਸਨ ਤੱਕ ਪਹੁੰਚਾਉਣਾ ਹੈ"

ਦਿਲਬਾਗ ਸਿੰਘ ਕੰਬੋਜ
ਮੀਡੀਆ ਇੰਚਾਰਜ, ਸਾਂਝੀ ਖ਼ਬਰ
ਹਲਕਾ ਐਸ.ਏ.ਐਸ. ਨਗਰ ਮੋਹਾਲੀ, ਪੰਜਾਬ

ਦੀਵਾਲੀ ਦਾ ਤਿਉਹਾਰ ਸਾਨੂੰ ਹਨੇਰੇ ਤੋਂ ਚਾਨਣ ਵੱਲ, ਬੁਰਾਈ ਤੋਂ ਚੰਗਿਆਈ ਵੱਲ ਅਤੇ ਨਿਰਾਸ਼ਾ ਤੋਂ ਉਮੀਦ ਵੱਲ ਵਧਣ ਦਾ ਸੰਦੇਸ਼ ਦਿੰਦਾ ਹੈ। ਪਰ ਤਿਉਹਾਰ ਦੀ ਅਸਲ ਖੁਸ਼ੀ ਉਦੋਂ ਹੀ ਸਾਰਥਕ ਹੁੰਦੀ ਹੈ, ਜਦੋਂ ਸਮਾਜ ਦੇ ਹਰ ਵਰਗ ਦੇ ਚਿਹਰੇ 'ਤੇ ਮੁਸਕਰਾਹਟ ਹੋਵੇ ਅਤੇ ਕਿਸੇ ਵੀ ਵਿਅਕਤੀ ਨੂੰ ਆਪਣੇ ਹੱਕਾਂ ਲਈ ਆਪਣੀ ਆਵਾਜ਼ ਦਬਾਉਣੀ ਨਾ ਪਵੇ। ਇਸੇ ਸੋਚ ਨੂੰ ਮੁੱਖ ਰੱਖਦਿਆਂ ਸਾਂਝੀ ਖ਼ਬਰ ਦੇ ਮੀਡੀਆ ਇੰਚਾਰਜ ਹਲਕਾ ਐਸ.ਏ.ਐਸ. ਨਗਰ ਮੋਹਾਲੀ, ਪੱਤਰਕਾਰ ਦਿਲਬਾਗ ਸਿੰਘ ਕੰਬੋਜ ਬਲਟਾਣਾ ਨੇ ਦੀਵਾਲੀ ਦੇ ਮੌਕੇ ਸਮੂਹ ਦੇਸ਼ ਵਾਸੀਆਂ ਨੂੰ ਵਧਾਈ ਦਿੰਦਿਆਂ ਪੱਤਰਕਾਰੀ ਦੀ ਸਮਾਜਿਕ ਜ਼ਿੰਮੇਵਾਰੀ ਬਾਰੇ ਅਹਿਮ ਸੰਦੇਸ਼ ਦਿੱਤਾ।

ਦਿਲਬਾਗ ਸਿੰਘ ਕੰਬੋਜ ਦਾ ਮੰਨਣਾ ਹੈ ਕਿ ਪੱਤਰਕਾਰ ਦੀ ਕਲਮ ਸਿਰਫ਼ ਖ਼ਬਰ ਲਿਖਣ ਦਾ ਸਾਧਨ ਨਹੀਂ, ਸਗੋਂ ਸਮਾਜ ਵਿੱਚ ਜਵਾਬਦੇਹੀ ਪੈਦਾ ਕਰਨ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਉਜਾਗਰ ਕਰਨ ਦਾ ਇੱਕ ਅਹਿਮ ਜ਼ਰੀਆ ਹੈ। ਅਕਸਰ ਗਰੀਬ ਅਤੇ ਆਮ ਲੋਕ ਆਪਣੀਆਂ ਸਮੱਸਿਆਵਾਂ ਲੈ ਕੇ ਸਰਕਾਰੀ ਦਫ਼ਤਰਾਂ ਦੇ ਚੱਕਰ ਕੱਟਦੇ ਰਹਿੰਦੇ ਹਨ, ਪਰ ਉਨ੍ਹਾਂ ਦੀ ਆਵਾਜ਼ ਸਹੀ ਮੰਚ ਤੱਕ ਨਹੀਂ ਪਹੁੰਚਦੀ। ਅਜਿਹੇ ਸਮੇਂ ਪੱਤਰਕਾਰ ਦੀ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ ਕਿ ਉਹ ਲੋਕਾਂ ਦੀ ਗੱਲ ਨੂੰ ਤੱਥਾਂ ਅਤੇ ਸਬੂਤਾਂ ਸਮੇਤ ਸਬੰਧਤ ਵਿਭਾਗਾਂ ਤੱਕ ਪਹੁੰਚਾਏ।



ਉਨ੍ਹਾਂ ਕਿਹਾ ਕਿ ਪੱਤਰਕਾਰੀ ਵਿੱਚ ਸਭ ਤੋਂ ਵੱਡੀ ਚੀਜ਼ ਲੋਕਾਂ ਦਾ ਵਿਸ਼ਵਾਸ ਹੈ। ਇਹ ਵਿਸ਼ਵਾਸ ਕਿਸੇ ਦੀ ਚਾਪਲੂਸੀ ਕਰਕੇ ਨਹੀਂ, ਸਗੋਂ ਨਿਰਪੱਖਤਾ, ਇਮਾਨਦਾਰੀ ਅਤੇ ਸੱਚਾਈ ਦੇ ਆਧਾਰ 'ਤੇ ਕਾਇਮ ਰਹਿੰਦਾ ਹੈ। ਚੰਗੇ ਕੰਮ ਕਰਨ ਵਾਲੇ ਅਧਿਕਾਰੀਆਂ, ਸਮਾਜ ਸੇਵੀਆਂ ਅਤੇ ਜਨਤਕ ਨੁਮਾਇੰਦਿਆਂ ਦੀ ਸ਼ਲਾਘਾ ਹੋਣੀ ਚਾਹੀਦੀ ਹੈ, ਪਰ ਜਿੱਥੇ ਲੋਕਾਂ ਦੇ ਹੱਕਾਂ ਦੀ ਅਣਦੇਖੀ ਹੋਵੇ ਜਾਂ ਪ੍ਰਸ਼ਾਸਨਿਕ ਲਾਪਰਵਾਹੀ ਸਾਹਮਣੇ ਆਵੇ, ਉੱਥੇ ਸਵਾਲ ਪੁੱਛਣਾ ਵੀ ਪੱਤਰਕਾਰੀ ਦਾ ਫਰਜ਼ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਪੱਤਰਕਾਰ ਨੂੰ ਨਾ ਕਿਸੇ ਦਾ ਦਰਬਾਰੀ ਬਣਨਾ ਚਾਹੀਦਾ ਹੈ ਅਤੇ ਨਾ ਹੀ ਕਿਸੇ ਦੇ ਦਬਾਅ ਜਾਂ ਲਾਲਚ ਵਿੱਚ ਆਪਣੀ ਕਲਮ ਦੀ ਦਿਸ਼ਾ ਬਦਲਣੀ ਚਾਹੀਦੀ ਹੈ। ਖ਼ਬਰ ਕਿਸੇ ਵਿਅਕਤੀ ਨੂੰ ਖੁਸ਼ ਕਰਨ ਜਾਂ ਨਾਰਾਜ਼ ਕਰਨ ਲਈ ਨਹੀਂ, ਸਗੋਂ ਲੋਕਾਂ ਦੇ ਹਿੱਤ ਅਤੇ ਸੱਚਾਈ ਦੇ ਆਧਾਰ 'ਤੇ ਲਿਖੀ ਜਾਣੀ ਚਾਹੀਦੀ ਹੈ। ਕਿਸੇ ਵੀ ਵਿਅਕਤੀ ਜਾਂ ਅਹੁਦੇ ਤੋਂ ਉੱਪਰ ਲੋਕਾਂ ਦਾ ਹਿੱਤ ਅਤੇ ਪੱਤਰਕਾਰੀ ਦੇ ਸਿਧਾਂਤ ਹੋਣੇ ਚਾਹੀਦੇ ਹਨ।

ਦਿਲਬਾਗ ਸਿੰਘ ਕੰਬੋਜ ਨੇ ਨੌਜਵਾਨ ਪੀੜ੍ਹੀ ਨੂੰ ਵੀ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ ਦੀ ਵਰਤੋਂ ਸਿਰਫ਼ ਮਨੋਰੰਜਨ ਲਈ ਹੀ ਨਾ ਕਰਨ, ਸਗੋਂ ਸਮਾਜਿਕ ਜਾਗਰੂਕਤਾ, ਨਸ਼ਿਆਂ ਵਿਰੁੱਧ ਮੁਹਿੰਮ, ਵਾਤਾਵਰਨ ਦੀ ਸੰਭਾਲ, ਸਿੱਖਿਆ ਅਤੇ ਲੋੜਵੰਦਾਂ ਦੀ ਮਦਦ ਵਰਗੇ ਕੰਮਾਂ ਲਈ ਵੀ ਕਰਨ। ਉਨ੍ਹਾਂ ਕਿਹਾ ਕਿ ਸਮਾਜ ਨੂੰ ਬਦਲਣ ਲਈ ਹਰ ਵਿਅਕਤੀ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਪਵੇਗੀ। ਸਿਰਫ਼ ਸਰਕਾਰਾਂ ਨੂੰ ਕੋਸਣ ਨਾਲ ਨਹੀਂ, ਸਗੋਂ ਜਾਗਰੂਕ ਨਾਗਰਿਕ ਬਣ ਕੇ ਵੀ ਬਦਲਾਅ ਲਿਆਂਦਾ ਜਾ ਸਕਦਾ ਹੈ।

ਉਨ੍ਹਾਂ ਨੇ ਦੀਵਾਲੀ ਦੇ ਮੌਕੇ ਲੋਕਾਂ ਨੂੰ ਅਪੀਲ ਕੀਤੀ ਕਿ ਤਿਉਹਾਰਾਂ ਦੀਆਂ ਖੁਸ਼ੀਆਂ ਮਨਾਉਂਦੇ ਸਮੇਂ ਵਾਤਾਵਰਨ ਦੀ ਸੰਭਾਲ ਦਾ ਵੀ ਖ਼ਿਆਲ ਰੱਖਿਆ ਜਾਵੇ। ਪਟਾਕਿਆਂ ਦੀ ਥਾਂ ਦੀਵੇ ਜਗਾਉਣ, ਲੋੜਵੰਦ ਪਰਿਵਾਰਾਂ ਨਾਲ ਖੁਸ਼ੀਆਂ ਸਾਂਝੀਆਂ ਕਰਨ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਨੂੰ ਤਰਜੀਹ ਦਿੱਤੀ ਜਾਵੇ।

ਅੰਤ ਵਿੱਚ ਦਿਲਬਾਗ ਸਿੰਘ ਕੰਬੋਜ ਨੇ ਕਿਹਾ ਕਿ ਦੀਵਾਲੀ ਸਾਨੂੰ ਸਿਰਫ਼ ਘਰਾਂ ਦੇ ਹਨੇਰੇ ਦੂਰ ਕਰਨ ਦੀ ਨਹੀਂ, ਸਗੋਂ ਸਮਾਜ ਵਿੱਚ ਫੈਲੇ ਭ੍ਰਿਸ਼ਟਾਚਾਰ, ਅਨਿਆਂ, ਨਫ਼ਰਤ ਅਤੇ ਬੇਇਨਸਾਫ਼ੀ ਦੇ ਹਨੇਰੇ ਨੂੰ ਦੂਰ ਕਰਨ ਦੀ ਵੀ ਪ੍ਰੇਰਣਾ ਦਿੰਦੀ ਹੈ। ਜੇਕਰ ਸਾਡੀ ਕਲਮ, ਸਾਡੀ ਆਵਾਜ਼ ਅਤੇ ਸਾਡੇ ਯਤਨਾਂ ਨਾਲ ਕਿਸੇ ਇੱਕ ਲੋੜਵੰਦ ਨੂੰ ਇਨਸਾਫ਼ ਮਿਲਦਾ ਹੈ ਜਾਂ ਕਿਸੇ ਇੱਕ ਪਰਿਵਾਰ ਦੀ ਸਮੱਸਿਆ ਦਾ ਹੱਲ ਨਿਕਲਦਾ ਹੈ, ਤਾਂ ਇਸ ਤੋਂ ਵੱਡੀ ਖੁਸ਼ੀ ਹੋਰ ਕੋਈ ਨਹੀਂ ਹੋ ਸਕਦੀ।

ਉਨ੍ਹਾਂ ਸਮੂਹ ਦੇਸ਼ ਵਾਸੀਆਂ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਾਮਨਾ ਕੀਤੀ ਕਿ ਹਰ ਘਰ ਵਿੱਚ ਖੁਸ਼ਹਾਲੀ, ਹਰ ਚਿਹਰੇ 'ਤੇ ਮੁਸਕਰਾਹਟ ਅਤੇ ਸਮਾਜ ਵਿੱਚ ਪਿਆਰ, ਸਦਭਾਵਨਾ ਤੇ ਇਨਸਾਫ਼ ਦਾ ਚਾਨਣ ਬਣਿਆ ਰਹੇ।

ਸੰਦੇਸ਼: "ਦੀਵਾ ਘਰ ਵਿੱਚ ਜਗਾਉਣਾ ਚੰਗੀ ਗੱਲ ਹੈ, ਪਰ ਕਿਸੇ ਦੇ ਦੁੱਖ ਵਿੱਚ ਸਹਾਰਾ ਬਣਨਾ ਉਸ ਤੋਂ ਵੀ ਵੱਡੀ ਗੱਲ ਹੈ। ਕਲਮ ਦੀ ਅਸਲ ਕੀਮਤ ਉਦੋਂ ਹੈ, ਜਦੋਂ ਉਹ ਕਿਸੇ ਕਮਜ਼ੋਰ ਦੀ ਆਵਾਜ਼ ਬਣੇ।"













Ricela

ਸਾਡੇ ਗਾਹਕਾਂ ਦੀ ਸੁਰੱਖਿਆ ਹੈ ਸਾਡੀ ਤਰਜੀਹ



ਕਿ ਤੁਸੀਂ ਜਾਣਦੇ ਹੋ ?

- ਹਾਲ ਵਿੱਚ ਹੋਏ ਟੋਕਸੀਕੋਲੋਜੀ ਪ੍ਰੀਖਣਾਂ ਤੋਂ ਪਤਾ ਚੱਲਿਆ ਹੈ ਕਿ **3-MONO-CHLOROPROPRANEDIOL (3-MCPD)** ਅਤੇ **GLYCIDYL FATTY ACID ESTERS (GE)** ਸੰਭਾਵੀ ਕੈਂਸਰ ਕਾਰਕ ਹਨ।
- ਯੂਰਪੀਅਨ ਕਮਿਸ਼ਨ ਨੇ ਹਾਲ ਹੀ ਵਿੱਚ **25** ਅਪ੍ਰੈਲ, **2023** ਨੂੰ ਰੈਗੂਲੇਸ਼ਨ **(EU) 2023/915** ਲਾਗੂ ਕੀਤੀ ਹੈ ਜਿਸ ਵਿੱਚ ਖਾਣ ਵਾਲੇ ਤੇਲਾਂ ਵਿੱਚ **3-MCPD** ਅਤੇ **GE** ਲਈ ਅਧਿਕਤਮ ਸੀਮਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ।
- "ਰਾਈਸੀਲਾ" ਇਕਲੌਤਾ ਰਿਫਾਇੰਡ ਰਾਈਸ ਬ੍ਰਾਨ ਆਇਲ ਦਾ ਬ੍ਰਾਂਡ ਹੈ ਜੋ ਨਵੇਂ ਯੂਰਪੀਅਨ ਫੂਡ ਸੇਫਟੀ ਰੈਗੂਲੇਸ਼ਨ ਦੇ ਤਹਿਤ **3-MCPD** ਅਤੇ **GE** ਦੀ ਪਾਲਣਾ ਕਰਨ ਦੀ ਗਾਰੰਟੀ ਦਿੰਦਾ ਹੈ।

"ਰਾਈਸੀਲਾ" ਟ੍ਰਾਂਸ ਫੈਟ ਫ੍ਰੀ ਹੋਣ ਦੀ ਵੀ ਗਾਰੰਟੀ ਦਿੰਦਾ ਹੈ |

TRANS FAT FREE

Contact Us at Ph. 1800 180 2411 (toll free), email at: info@ricela.com, visit us at www.ricela.in




ਪਟਵਾਰ ਯੂਨੀਅਨ ਵੱਲੋਂ ਪੰਜਾਬ ਸਰਕਾਰ ਦਾ ਧੰਨਵਾਦ





ਦੀ ਰੈਵੀਨਿਊ ਪਟਵਾਰ ਯੂਨੀਅਨ ਪੰਜਾਬ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਦਿਆਂ ਸਤਿਕਾਰਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਜੀ ਮਾਨ ਦੀ ਅਗਵਾਈ ਹੇਠ ਹੋਈ ਪੰਜਾਬ ਕੈਬਨਿਟ ਦੀ ਮੀਟਿੰਗ ਵਿੱਚ ਅਮਲੀ ਜਾਮਾਂ ਪਹਿਨਾ ਕੇ ਜਿਲ੍ਹਾ ਕਾਡਰ ਲਾਗੂ ਕੀਤਾ ਗਿਆ। ਗੌਰਤਲਬ ਹੈ ਕਿ ਪਟਵਾਰੀਆਂ ਦਾ ਕਾਡਰ ਜਿਲ੍ਹਾ ਪੱਧਰੀ ਹੋਣ ਨਾਲ ਨਵੀਂ ਭਰਤੀ ਨੂੰ ਪ੍ਰਵਾਨਗੀ ਮਿਲੇਗੀ ਅਤੇ ਲੰਬਿਤ ਪਈਆਂ ਪਟਵਾਰੀ ਤੋਂ ਕਾਨੂੰਗੋ ਦੀਆਂ ਪਦ ਉੱਨਤੀਆਂ ਜਲਦ ਹੋਣਗੀਆਂ। ਦੀ ਰੈਵੀਨਿਊ ਪਟਵਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਬਲਰਾਜ ਸਿੰਘ ਔਜਲਾ ਅਤੇ ਜਨਰਲ ਸਕੱਤਰ ਸੁਖਪ੍ਰੀਤ ਸਿੰਘ ਢਿੱਲੋਂ ਨੇ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਨੇ ਜਥੇਬੰਦੀ ਨਾਲ 23 ਸਤੰਬਰ 2026 ਨੂੰ ਹੋਈ ਮੀਟਿੰਗ ਵਿੱਚ ਜਿਲ੍ਹਾ ਕਾਡਰ ਕਰਨ ਨੂੰ ਦਿੱਤੀ ਸਿਧਾਂਤਕ ਮਨਜ਼ੂਰੀ ਦੇ ਬੋਲ ਪਗਾਉਂਦਿਆਂ ਕੈਬਨਿਟ ਦੀ ਮਨਜ਼ੂਰੀ ਦੇ ਕੇ ਇਤਿਹਾਸਕ ਫੈਸਲਾ ਕੀਤਾ ਹੈ, ਜਿਸ ਨਾਲ ਪ੍ਰਸ਼ਾਸਨਿਕ ਸੁਧਾਰਾਂ ਦੇ ਨਾਲ ਨਾਲ ਨਵੀਂ ਭਰਤੀ ਅਤੇ ਪਦ ਉੱਨਤੀਆਂ ਦਾ ਰਸਤਾ ਖੁੱਲ੍ਹਿਆ ਹੈ। ਆਗੂਆਂ ਵੱਲੋਂ ਮਾਲ ਮੰਤਰੀ ਹਰਦੀਪ ਸਿੰਘ ਮੁੰਡੀਆਂ ਜੀ, ਸਮੂਹ ਅਧਿਕਾਰੀ ਸਾਹਿਬਾਨ ਅਤੇ ਪੰਜਾਬ ਦੇ ਪਟਵਾਰੀ ਸਾਹਿਬਾਨ ਦਾ ਵੀ ਧੰਨਵਾਦ ਕੀਤਾ ਗਿਆ। ਨਾਲ ਹੀ ਆਸ ਜਤਾਈ ਕਿ ਰਹਿੰਦੀਆਂ ਮੰਗਾਂ ਜਿਵੇਂ ਕਿ ਨਵੇਂ ਪਟਵਾਰੀਆਂ ਦੇ ਤਨਖਾਹ ਸਕੇਲ ਵਧਾਉਣ, ਟੈਕਨੀਕਲ ਸਕੇਲ, ਅਸਾਮੀਆਂ ਦੀ ਮੁੜ ਬਹਾਲੀ ਨੂੰ ਵੀ ਮੁੱਖ ਮੰਤਰੀ ਸਾਹਿਬ ਜਲਦੀ ਪੂਰਾ ਕਰਨਗੇ।



ਸਾਂਝੀ ਖ਼ਬਰ ਟੀਮ ਦੇ ਪੱਤਰਕਾਰ ਸਾਹਿਬਾਨ ਅਤੇ ਸਹਜੋਗੀ ਸੱਜਣ



A&N
MIGRATION
STUDY VISA | TOURIST VISA | SPOUSE VISA
ਦਿਵਾਲੀ ਅਤੇ
ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ
ਇਹ ਪਵਿੱਤਰ ਤਿਉਹਾਰ ਤੁਹਾਡੇ ਜੀਵਨ ਵਿੱਚ
ਖੁਸ਼ੀਆਂ, ਸ਼ਾਂਤੀ, ਖੁਸ਼ਹਾਲੀ ਅਤੇ ਨਵੀਂ ਉਮੀਦਾਂ ਲੈ ਕੇ ਆਏ।
Sardulgarh Office: 81999-77177
Sirsa Office: 98097-77177
Website: www.anm4u.com

ੴ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ੴ
ਅਕਾਲ ਗਰੁੱਪ ਆਫ਼ ਇੰਸਟੀਚਿਊਸ਼ਨਜ਼
ਗੁਰਸਾਗਰ ਮਸਤੂਆਣਾ ਸਾਹਿਬ (ਸੰਗਰੂਰ)
ਅਕਾਲ ਕਾਲਜ ਕੌਂਸਲ ਦੀਆਂ ਸੰਸਥਾਵਾਂ ਵਿੱਚ ਉਪਲਬਧ ਕੋਰਸ:
B.Sc. Agriculture, B.A., B.Sc. {Medical / Non.Med}, B.Lib, M.Sc. (Maths, Chem.), Dip. in Agri.
M.A. (Pbi., Eng., Hist., Sociology) 10+1, 10+2 { Arts, Comm., Science }
M.C.A., B.C.A., P.G.D.C.A., M.Sc.IT(LE), B.Voc. in Software Development
M.B.A., M.Com., B.Com., B.B.A., B.Voc. in Retail Mgt. & I.T.
M.Pharmacy, B.Pharmacy, D.Pharmacy (Allopathy & Ayurvedic)
M.P.Ed., B.P.Ed, B.P.E.S, D.P.Ed., PG Dip. In Yoga
Six Months Certificate Course in (Organic Farming, Accounting
M.Ed., B.Ed., P.G. Dip. in Career Guidance, Certificate Course in Inclusive Education (6 Months)
GURMAT COURSES : ONE YEAR CERTIFICATE COURSE (PATHI) , TWO YEAR GRANTHI/PARCHARAK COURSE
* ਧੰਨ ਧੰਨ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੀ 100ਵੀਂ ਪਾਵਨ ਬਰਸੀ ਸ਼ਤਾਬਦੀ ਸਮਾਗਮ ਲੜੀਵਾਰ ਰੋਜ਼ਾਨਾ ਚੱਲ ਰਹੇ ਹਨ, ਜੋ ਕਿ 31 ਜਨਵਰੀ 2027 ਤੱਕ ਜਾਰੀ ਰਹਿਣਗੇ। ਇਨ੍ਹਾਂ ਮਹਾਨ ਸਮਾਗਮਾਂ ਵਿੱਚ ਦੇਸ਼-ਵਿਦੇਸ਼ ਤੋਂ ਨਾਮਵਰ ਸੰਤ ਜਨ, ਬ੍ਰਹਮਗਿਆਨੀ ਸਾਧੂ ਮਹਾਤਮਾਂ ਅਤੇ ਵੱਖ-ਵੱਖ ਸੰਪ੍ਰਦਾਵਾਂ ਦੇ ਮੁਖੀ ਸਾਹਿਬਾਨ ਵਿਸ ਤੌਰ 'ਤੇ ਸਿਰਕਤ ਕਰ ਰਹੇ ਹਨ।
ਸੰਪਰਕ: 84370-33023, 79864-44832, 95011-44832

ਸਮੂਹ ਦੇਸ਼
ਵਾਸੀਆਂ ਨੂੰ
ਦਿਵਾਲੀ
ਦੀਆ ਲੱਖ ਲੱਖ ਵਧਾਈਆਂ

ਨਰੇਸ਼ ਗਰਗ
ਸੀਨੀਅਰ ਕਾਂਗਰਸੀ
ਆਗੂ ਬਠਿੰਡਾ

ਰਮਨ ਢਿੱਲੋਂ
ਜਿਲ੍ਹਾ ਪ੍ਰਧਾਨ
ਸ਼ੋਸਲ ਮੀਡੀਆ
ਕਾਂਗਰਸੀ ਕਮੇਟੀ ਬਠਿੰਡਾ

ਸਤਪਾਲ ਸਿੰਘ ਫੌਜੀ
ਸੀਨੀਅਰ ਕਾਂਗਰਸ
ਆਗੂ ਬਠਿੰਡਾ

ਸੁਖਦੇਵ ਸਿੰਘ ਬਾਹੀਆ
ਚੇਅਰਮੈਨ ਕਾਂਗਰਸੀ
ਕਮੇਟੀ ਬਠਿੰਡਾ

ਜਸਵੀਰ ਕੌਰ ਜਿਲ੍ਹਾ
ਸੇਵਾ ਦਲ ਪ੍ਰਧਾਨ
ਕਾਂਗਰਸ ਕਮੇਟੀ ਬਠਿੰਡਾ

ਜਗਦੀਸ਼ ਖੁਰਾਣਾ
ਕਾਂਗਰਸ ਕਮੇਟੀ
ਮਾਨੇਰਟੀ ਸੈਲ
ਅਬਜਰਵਰ ਬਰਨਾਲਾ
(ਮਾਨਸਾ)

ਹਿਤੇਸ਼ ਗਰਗ
ਪ੍ਰਧਾਨ ਯੂਥ ਕਾਂਗਰਸ,
ਬਠਿੰਡਾ

ਦਿਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਲੱਖ ਲੱਖ ਵਧਾਈਆਂ

Bibi Bhani Public School
Longowal, Punjab
Proud Moment for Our School
Our Young Karate Champion
YUDHVEER SINGH
Village: Khizarpura
Distt.: Kurukshetra, Haryana
National School Games Karate – Gold Medal (2025)
National Karate (Martial Arts) Player
4 Times National and State Medalist
Indo-Nepal Martial Arts Championship – Gold Medal (2026)
Participated in National Training Camp – Manipur (2026)
Self Defence Training – Mumbai (December 2025)
Green Belt
Best Achievement Award in School (2025–2026)
Bringing Pride to Our School, Village, District and Haryana
We congratulate Yudhveer Singh for his outstanding achievements and wish him continued success in the field of Karate and Martial Arts.
Kirandeep Kaur
Principal
Pooja Tyagi
Vice Principal

MediaMantraa
PR & Advertising
Mukesh Chauhan
Founder Director
Your Strategic PR & Communication Partner
Deals In
Press Conference
Press Release
Advertisement
Content Writing
Event Management
Social Media Marketing
Digital Still & Video Photography
360° PR Solutions for Your Brand
7015134951, 9468013121
mediamantraa88
mediamantraa88
mukeshkuk15@gmail.com
mediamantraapr@gmail.com

ਦਿਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਲੱਖ ਲੱਖ ਵਧਾਈਆਂ

Bavles Kumar
Bobby Singla
98724-79386
Tarun Kumar
Singla
85280-65281
DURGA
IRON STORE
Build Stronger... Live Better...
Deals in :
Angle, Patti
Saria, Garder
Jali, Chader
Etc.
Moga Road, Bhagta Bhai Ka (Bathinda) PB. 151206

ਇਲਾਕੇ ਦੇ ਲੜਕੇ ਅਤੇ ਲੜਕੀਆਂ ਦੀ ਸਾਂਝੀ ਉੱਚ ਸਿੱਖਿਆ ਲਈ ਭਰੋਸੇਮੰਦ ਸ਼ਾਨਦਾਰ CO-ED ਸੰਸਥਾ

FATEH GROUP OF INSTITUTIONS
MAUR ROAD, RAMPURA PHUL (BATHINDA)
Affiliated To Punjabi University, Patiala, Recognised by NCTE Delhi & Punjab Govt.
Admissions Open
CO-ED
+1 +2 Medical | Non-Medical | Commerce | Arts
BA BBA B.Com
BCA PGDCA
5+ B.SC 3+ M.SC
MA English Punjabi Economics ETT B.Ed
Diploma & Certificate Courses
Computer Hardware & Software | Computer Basic & Application
Web Site & Software Developer
Data Entry Operator | Accountancy & Tally | Art & Carft
Fashion Designing | English Communication Skill Like | Fashion Technology
Visit us :-
www.fatehgroup.in
90410-35001, 35003
35002, 35004
90410-30000
90413-30000

ਅਦਾਰਾ ਸਾਂਝੀ ਖ਼ਬਰ ਦੇ ਪਾਠਕਾਂ
ਅਤੇ ਸਮੂਹ ਦੇਸ਼ ਵਾਸੀਆਂ ਨੂੰ
ਦਿਵਾਲੀ ਅਤੇ ਬੰਦੀਛੋੜ ਦਿਵਸ
ਦੀਆਂ ਲੱਖ ਲੱਖ ਵਧਾਈਆਂ



Ankur Aggarwal
Senior orrespondent
Chandigarh

ਅਦਾਰਾ ਸਾਂਝੀ ਖ਼ਬਰ ਦੇ ਪਾਠਕਾਂ
ਅਤੇ ਸਮੂਹ ਦੇਸ਼ ਵਾਸੀਆਂ ਨੂੰ
ਦਿਵਾਲੀ ਅਤੇ ਬੰਦੀਛੋੜ ਦਿਵਸ
ਦੀਆਂ ਲੱਖ ਲੱਖ ਵਧਾਈਆਂ



Joginder Kaka
Social Worker
Bhucho Mandi

ਅਦਾਰਾ ਸਾਂਝੀ ਖ਼ਬਰ ਦੇ ਪਾਠਕਾਂ
ਅਤੇ ਸਮੂਹ ਦੇਸ਼ ਵਾਸੀਆਂ ਨੂੰ
ਦਿਵਾਲੀ ਅਤੇ ਬੰਦੀਛੋੜ ਦਿਵਸ
ਦੀਆਂ ਲੱਖ ਲੱਖ ਵਧਾਈਆਂ



Sachin Gaalav
कांग्रेस पार्षद
वार्ड नम्बर 13
चंडीगढ़

ਅਦਾਰਾ ਸਾਂਝੀ ਖ਼ਬਰ ਦੇ ਪਾਠਕਾਂ
ਅਤੇ ਸਮੂਹ ਦੇਸ਼ ਵਾਸੀਆਂ ਨੂੰ
ਦਿਵਾਲੀ ਅਤੇ ਬੰਦੀਛੋੜ ਦਿਵਸ
ਦੀਆਂ ਲੱਖ ਲੱਖ ਵਧਾਈਆਂ



Mukesh Chauhan
Sr. Correspondent
Chandigarh

दीपावली
की हार्दिक शुभकामनाएं
Happy Diwali
DIWALI SPECIAL DISCOUNT DHAMAKA -
Discount ki Jhadiyan Lagi Hui Hain
JEWELLERS
RAJSONS
FULLY HALLMARK JEWELLERY
Special Discount on
Every Purchase
Attractive Gifts
on Every Purchase



SHOP NO.7, MAIN MARKET BALTANA 9316710477 | BOOTH NO. 51, SECTOR 20-D CHANDIGARH 9779305370

ਦੀਵਾਲੀ ਦੀਆਂ ਹਾਰਦਿਕ ਸ਼ੁਭਕਾਮਨਾਵਾਂ
ਰਾਜਸੰਸ ਜਵੈਲਰ ਵੱਲੋਂ ਸਮੂਹ ਇਲਾਕਾ ਨਿਵਾਸੀਆਂ ਨੂੰ ਦੀਵਾਲੀ ਦੀਆਂ ਲੱਖ-ਲੱਖ ਵਧਾਈਆਂ। ਇਸ ਸ਼ੁਭ ਅਵਸਰ 'ਤੇ ਸਾਡੇ ਸ਼ੋਅਰੂਮ 'ਤੇ DIWALI SPECIAL DISCOUNT DHAMAKA ਚੱਲ ਰਿਹਾ ਹੈ, ਜਿੱਥੇ ਹਰ ਖਰੀਦ 'ਤੇ ਵਿਸ਼ੇਸ਼ ਛੋਟ ਤੇ ਆਕਰਸ਼ਕ ਤੋਹਫ਼ੇ ਦਿੱਤੇ ਜਾ ਰਹੇ ਹਨ।
DIWALI SPECIAL DISCOUNT DHAMAKA
ਸਿਰਫ਼ HALLMARK ਜਵੈਲਰੀ - Since 1982
ਵੱਲੋਂ: Jewellers Rajsons
Shop No. 7, Main Market, Baltana - 9316710477
Booth No. 51, Sector 20-D, Chandigarh

TRISHLA
WE BUILD TRUST, NOT JUST HOMES
READY TO MOVE IN!
FEW UNITS LEFT AT TRISHLA CITY, ZIRAKPUR



Luxury 3 & 4 BHK Apartments
Premium Penthouses | Luxury Villas
900 Approx Families Already Residing Happily
BOOK YOUR HOME TODAY!
Call: +91-7210000022

ਦਿਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਲੱਖ ਲੱਖ ਵਧਾਈਆਂ

ਰਾ ਘਰ ਸ ਸਨ
98787-90308, 95306-96900
DIWALI
DHAMAKA OFFER
Festive Deals on Wall & Floor Tiles
GORA TILES®
WALL & FLOOR TILES
100% PREMIUM QUALITY
WATER PROOF
Rampura Phul (Bathinda) | www.goratiles.com

ਛੋਟੀਆਂ-ਛੋਟੀਆਂ ਖੁਸ਼ੀਆਂ ਨਾਲ ਹੀ ਬਣਦੀ ਹੈ ਜ਼ਿੰਦਗੀ ਦੀ ਵੱਡੀ ਦੀਵਾਲੀ

ਗੁਰਭਿੰਦਰ ਗੁਰੀ

ਜ਼ਿੰਦਗੀ ਦੀ ਅਸਲ ਖ਼ੂਬਸੂਰਤੀ ਮਹਿੰਗੇ ਤੋਹਫ਼ਿਆਂ ਅਤੇ ਵੱਡੀਆਂ ਪ੍ਰਾਪਤੀਆਂ ਵਿੱਚ ਨਹੀਂ, ਸਗੋਂ ਦਿਲ ਨੂੰ ਸਕੂਨ ਦੇਣ ਵਾਲੇ ਨਿੱਕੇ-ਨਿੱਕੇ ਪਲਾਂ ਵਿੱਚ ਲੁਕੀ ਹੁੰਦੀ ਹੈ

ਇੱਕ ਮੁਸਕਾਨ, ਪਿਆਰ ਦੇ ਦੋ ਬੋਲ, ਕਿਸੇ ਦੀ ਮਦਦ ਲਈ ਵਧਿਆ ਹੋਇਆ ਹੱਥ ਅਤੇ ਕਿਸੇ ਆਪਣੇ ਨਾਲ ਬੈਠ ਕੇ ਪੀਤੀ ਚਾਹ ਦੀ ਇੱਕ ਪਿਆਲੀ—ਇਹ ਉਹ ਨਿੱਕੀਆਂ-ਨਿੱਕੀਆਂ ਖੁਸ਼ੀਆਂ ਹਨ, ਜਿਨ੍ਹਾਂ ਨਾਲ ਜ਼ਿੰਦਗੀ ਦਾ ਵਿਹੜਾ ਮਹਿਕ ਉੱਠਦਾ ਹੈ।

ਇਨਸਾਨ ਦੀ ਜ਼ਿੰਦਗੀ ਵੀ ਦੀਵਾਲੀ ਦੇ ਤਿਉਹਾਰ ਵਰਗੀ ਹੈ। ਜਿਵੇਂ ਇੱਕ ਦੀਵੇ ਤੋਂ ਦੂਜਾ ਦੀਵਾ ਜਗਦਾ ਹੈ ਅਤੇ ਹੌਲੀ-ਹੌਲੀ ਸਾਰਾ ਘਰ ਰੌਸ਼ਨੀ ਨਾਲ ਭਰ ਜਾਂਦਾ ਹੈ, ਉਸੇ ਤਰ੍ਹਾਂ ਜ਼ਿੰਦਗੀ ਵਿੱਚ ਮਿਲਣ ਵਾਲੀਆਂ ਛੋਟੀਆਂ-ਛੋਟੀਆਂ ਖੁਸ਼ੀਆਂ ਇਕੱਠੀਆਂ ਹੋ ਕੇ ਖੁਸ਼ੀਆਂ ਦਾ ਵੱਡਾ ਸੰਸਾਰ ਸਿਰਜ ਦਿੰਦੀਆਂ ਹਨ। ਅਸੀਂ ਅਕਸਰ ਵੱਡੀਆਂ ਖੁਸ਼ੀਆਂ ਦੀ ਉਡੀਕ ਕਰਦੇ ਰਹਿੰਦੇ ਹਾਂ, ਪਰ ਇਸ ਉਡੀਕ ਵਿੱਚ ਉਹ ਨਿੱਕੇ-ਨਿੱਕੇ ਪਲ ਗੁਆ ਬੈਠਦੇ ਹਾਂ, ਜਿਹੜੇ ਅਸਲ ਵਿੱਚ ਸਾਡੀ ਜ਼ਿੰਦਗੀ ਨੂੰ ਜਿਊਣ ਯੋਗ ਬਣਾਉਂਦੇ ਹਨ।

ਕਦੇ ਸੋਚ ਕੇ ਦੇਖੋ, ਕਿਸੇ ਅਣਜਾਣੇ ਇਨਸਾਨ ਨੂੰ ਮੁਸਕਰਾ ਕੇ ਮਿਲਣਾ, ਕਿਸੇ ਉਦਾਸ ਚਿਹਰੇ ਨੂੰ ਹਸਾ ਦੇਣਾ, ਕਿਸੇ ਪਰੇਸ਼ਾਨ ਵਿਅਕਤੀ ਦੀ ਗੱਲ ਧਿਆਨ ਨਾਲ ਸੁਣ ਲੈਣਾ, ਕਿਸੇ ਬਜ਼ੁਰਗ ਦਾ ਹਾਲ-ਚਾਲ ਪੁੱਛ ਲੈਣਾ ਜਾਂ ਕਿਸੇ ਲੋੜਵੰਦ ਦੇ ਹੱਥ ਵਿੱਚ ਸਹਾਇਤਾ ਦਾ ਨਿੱਕਾ ਜਿਹਾ ਤੋਹਫ਼ਾ ਰੱਖ ਦੇਣਾ—ਇਹ ਕੰਮ ਕਰਨ ਲਈ ਨਾ ਕਿਸੇ ਵੱਡੀ ਦੌਲਤ ਦੀ ਲੋੜ ਹੁੰਦੀ ਹੈ ਅਤੇ ਨਾ ਹੀ ਕਿਸੇ ਵੱਡੇ ਅਹੁਦੇ ਦੀ। ਇਸ ਲਈ ਸਿਰਫ਼ ਇੱਕ ਚੰਗੇ ਦਿਲ ਦੀ ਲੋੜ ਹੁੰਦੀ ਹੈ।

ਕਈ ਵਾਰ ਕਿਸੇ ਆਪਣੇ ਨਾਲ ਬੈਠ ਕੇ ਪੀਤੀ ਚਾਹ ਦੀ ਇੱਕ ਪਿਆਲੀ ਵੀ ਮਹਿੰਗੇ ਰੈਸਟੋਰੈਂਟਾਂ ਦੀਆਂ ਦਾਅਵਤਾਂ ਨਾਲੋਂ ਵੱਧ ਸਕੂਨ ਦੇ ਜਾਂਦੀ ਹੈ। ਮਾਂ ਦੇ ਹੱਥ ਦੀ ਰੋਟੀ, ਪਿਤਾ ਦੀ ਪਿਆਰ ਭਰੀ ਸਲਾਹ, ਬੱਚਿਆਂ ਦੀ ਮਾਸੂਮ ਹਾਸੀ, ਪੁਰਾਣੇ ਦੋਸਤ ਦਾ ਅਚਾਨਕ ਫ਼ੋਨ ਅਤੇ ਕਿਸੇ ਆਪਣੇ ਵੱਲੋਂ ਪੁੱਛਿਆ ਗਿਆ ਇਹ ਸਵਾਲ ਕਿ 'ਤੂੰ ਠੀਕ ਤਾਂ ਹੈਂ?'—ਇਹ ਅਜਿਹੀਆਂ ਦੌਲਤਾਂ ਹਨ, ਜਿਨ੍ਹਾਂ ਦੀ ਕੀਮਤ ਕਿਸੇ ਬਾਜ਼ਾਰ ਵਿੱਚ ਨਹੀਂ ਲੱਗ ਸਕਦੀ।

ਜ਼ਿੰਦਗੀ ਦੀ ਸਭ ਤੋਂ ਵੱਡੀ ਵਿਡੰਬਨਾ ਇਹ ਹੈ ਕਿ ਇਨਸਾਨ ਵੱਡਾ ਬਣਨ ਦੀ ਦੌੜ ਵਿੱਚ ਕਈ ਵਾਰ ਛੋਟੀਆਂ ਖੁਸ਼ੀਆਂ ਨੂੰ ਪਿੱਛੇ ਛੱਡ ਦਿੰਦਾ ਹੈ।** ਉਹ ਵੱਡੇ ਘਰ, ਮਹਿੰਗੀ ਗੱਡੀ, ਬੈਂਕ ਬੈਲੈਂਸ ਅਤੇ ਸਮਾਜ ਵਿੱਚ ਆਪਣੀ ਪਛਾਣ ਬਣਾਉਣ ਲਈ ਦਿਨ-ਰਾਤ ਮਿਹਨਤ ਕਰਦਾ ਹੈ, ਪਰ ਕਈ ਵਾਰ ਉਸ ਕੋਲ ਆਪਣੇ ਪਰਿਵਾਰ ਨਾਲ ਬੈਠ ਕੇ ਦੋ ਪਲ ਹੱਸਣ ਦਾ ਸਮਾਂ ਵੀ ਨਹੀਂ ਹੁੰਦਾ। ਜਦੋਂ ਉਹ ਪਿੱਛੇ ਮੁੜ ਕੇ ਦੇਖਦਾ ਹੈ ਤਾਂ ਸਮਝ ਆਉਂਦੀ ਹੈ ਕਿ ਜ਼ਿੰਦਗੀ ਦੇ ਸਭ ਤੋਂ ਸੋਹਣੇ ਪਲ ਤਾਂ ਉਹ ਸਨ, ਜਿਨ੍ਹਾਂ ਨੂੰ ਉਸ ਨੇ ਕਦੇ ਮਹੱਤਵ ਹੀ ਨਹੀਂ ਦਿੱਤਾ।

ਦੀਵਾਲੀ ਦਾ ਅਸਲ ਸੰਦੇਸ਼ ਵੀ ਇਹੀ ਹੈ

ਦੀਵਾਲੀ ਸਿਰਫ਼ ਘਰਾਂ ਦੀਆਂ ਛੱਤਾਂ, ਦਰਵਾਜ਼ਿਆਂ ਅਤੇ ਵਿਹੜਿਆਂ ਵਿੱਚ ਦੀਵੇ ਜਗਾਉਣ ਦਾ ਤਿਉਹਾਰ ਨਹੀਂ ਹੈ। ਇਹ ਦਿਲਾਂ ਵਿੱਚ ਰੌਸ਼ਨੀ ਪੈਦਾ ਕਰਨ, ਆਪਸੀ ਪਿਆਰ ਵਧਾਉਣ ਅਤੇ ਦੂਜਿਆਂ ਦੀ ਜ਼ਿੰਦਗੀ ਵਿੱਚ ਖੁਸ਼ੀਆਂ ਵੰਡਣ ਦਾ ਮੌਕਾ ਵੀ ਹੈ।

ਜਿਵੇਂ ਦੀਵਿਆਂ ਦੀ ਇੱਕ ਛੋਟੀ ਜਿਹੀ ਲੌ ਹਨੇਰੇ ਨਾਲ ਲੜਦੀ ਹੈ, ਉਸੇ ਤਰ੍ਹਾਂ ਇਨਸਾਨ ਦਾ ਇੱਕ ਚੰਗਾ ਕੰਮ ਕਿਸੇ ਦੂਜੇ ਦੀ ਜ਼ਿੰਦਗੀ ਵਿੱਚ ਉਮੀਦ ਦੀ ਕਿਰਨ ਬਣ ਸਕਦਾ ਹੈ। ਜੇਕਰ ਅਸੀਂ ਇਸ ਦੀਵਾਲੀ 'ਤੇ ਕਿਸੇ ਗਰੀਬ ਪਰਿਵਾਰ ਦੇ ਘਰ ਮਠਿਆਈ ਦਾ ਡੱਬਾ ਪਹੁੰਚਾ ਦੇਈਏ, ਕਿਸੇ ਇਕੱਲੇ ਬਜ਼ੁਰਗ ਨਾਲ ਕੁਝ ਸਮਾਂ ਬਿਤਾ ਲਈਏ, ਕਿਸੇ ਲੋੜਵੰਦ ਬੱਚੇ ਦੀ ਪੜ੍ਹਾਈ ਵਿੱਚ ਮਦਦ ਕਰ ਦੇਈਏ ਜਾਂ ਕਿਸੇ ਨਾਰਾਜ਼ ਆਪਣੇ ਨੂੰ ਪਿਆਰ ਨਾਲ ਗਲ ਲਾ ਲਈਏ ਤਾਂ ਸ਼ਾਇਦ ਇਹ ਸਾਡੀ ਸਭ ਤੋਂ ਖੂਬਸੂਰਤ ਦੀਵਾਲੀ ਹੋਵੇਗੀ।

ਕਿਉਂਕਿ ਤਿਉਹਾਰਾਂ ਦੀ ਅਸਲ ਖੁਸ਼ੀ ਆਪਣੇ ਲਈ ਖਰੀਦਦਾਰੀ ਕਰਨ ਵਿੱਚ ਹੀ ਨਹੀਂ, ਸਗੋਂ ਦੂਜਿਆਂ ਦੇ ਚਿਹਰਿਆਂ ਉੱਤੇ ਮੁਸਕਾਨ ਲਿਆਉਣ ਵਿੱਚ ਵੀ ਹੈ।

ਰਿਸ਼ਤਿਆਂ ਦੀ ਰੌਸ਼ਨੀ ਕਦੇ ਮੱਧਮ ਨਾ ਹੋਣ ਦਿਓ

ਅੱਜ ਦੇ ਤੇਜ਼ ਰਫ਼ਤਾਰ ਦੌਰ ਵਿੱਚ ਮੋਬਾਈਲ ਫ਼ੋਨਾਂ ਨੇ ਦੁਨੀਆ ਨੂੰ ਨੇੜੇ ਤਾਂ ਕਰ ਦਿੱਤਾ ਹੈ, ਪਰ ਕਈ ਵਾਰ ਦਿਲਾਂ ਦੀਆਂ ਦੂਰੀਆਂ ਵਧਾ ਦਿੱਤੀਆਂ ਹਨ। ਇੱਕੋ ਘਰ ਵਿੱਚ ਬੈਠੇ ਪਰਿਵਾਰਕ ਮੈਂਬਰ ਵੀ ਆਪਣੇ-ਆਪਣੇ ਫ਼ੋਨਾਂ ਵਿੱਚ ਰੁੱਝੇ ਰਹਿੰਦੇ ਹਨ। ਪਹਿਲਾਂ ਲੋਕ ਸ਼ਾਮ ਨੂੰ ਇਕੱਠੇ ਬੈਠ ਕੇ ਦਿਨ ਭਰ ਦੀਆਂ ਗੱਲਾਂ ਸਾਂਝੀਆਂ ਕਰਦੇ ਸਨ, ਹਾਸੇ-ਮਜ਼ਾਕ ਹੁੰਦਾ ਸੀ ਅਤੇ ਦੁੱਖ-ਸੁੱਖ ਵੰਡੇ ਜਾਂਦੇ ਸਨ। ਅੱਜ ਉਹ ਪਲ ਹੌਲੀ-ਹੌਲੀ ਘੱਟਦੇ ਜਾ ਰਹੇ ਹਨ।

ਸਾਨੂੰ ਮੁੜ ਉਨ੍ਹਾਂ ਛੋਟੀਆਂ ਖੁਸ਼ੀਆਂ ਵੱਲ ਪਰਤਣ ਦੀ ਲੋੜ ਹੈ। ਆਪਣੇ ਮਾਪਿਆਂ ਕੋਲ ਬੈਠੀਏ, ਬੱਚਿਆਂ ਨਾਲ ਖੇਡੀਏ, ਦੋਸਤਾਂ ਨੂੰ ਸਮਾਂ ਦੇਈਏ ਅਤੇ ਰਿਸ਼ਤਿਆਂ ਵਿੱਚ ਪਿਆਰ ਦੀ ਗਰਮਾਹਟ ਬਣਾਈ ਰੱਖੀਏ। ਕਿਉਂਕਿ ਜਦੋਂ ਰਿਸ਼ਤੇ ਜਿਊਂਦੇ ਰਹਿੰਦੇ ਹਨ ਤਾਂ ਜ਼ਿੰਦਗੀ ਦੀ ਰੌਣਕ ਵੀ ਕਾਇਮ ਰਹਿੰਦੀ ਹੈ।



ਖੁਸ਼ੀਆਂ ਵੰਡਣ ਨਾਲ ਘਟਦੀਆਂ ਨਹੀਂ, ਸਗੋਂ ਵਧਦੀਆਂ ਹਨ

ਇੱਕ ਖੂਬਸੂਰਤ ਗੱਲ ਇਹ ਵੀ ਹੈ ਕਿ ਖੁਸ਼ੀਆਂ ਅਜਿਹੀ ਦੌਲਤ ਹਨ, ਜਿਹੜੀਆਂ ਵੰਡਣ ਨਾਲ ਘਟਦੀਆਂ ਨਹੀਂ, ਸਗੋਂ ਹੋਰ ਵਧਦੀਆਂ ਹਨ। ਕਿਸੇ ਦੀ ਸਫ਼ਲਤਾ 'ਤੇ ਦਿਲੋਂ ਵਧਾਈ ਦੇਣਾ, ਕਿਸੇ ਦੀ ਤਰੱਕੀ ਦੇਖ ਕੇ ਖੁਸ਼ ਹੋਣਾ ਅਤੇ ਕਿਸੇ ਦੀ ਮੁਸ਼ਕਲ ਵਿੱਚ ਉਸ ਦੇ ਨਾਲ ਖੜ੍ਹਨਾ ਇਨਸਾਨੀਅਤ ਦੀਆਂ ਉਹ ਖੂਬੀਆਂ ਹਨ, ਜਿਹੜੀਆਂ ਸਮਾਜ ਨੂੰ ਸੋਹਣਾ ਬਣਾਉਂਦੀਆਂ ਹਨ।

ਸਾਨੂੰ ਇਹ ਨਹੀਂ ਦੇਖਣਾ ਚਾਹੀਦਾ ਕਿ ਅਸੀਂ ਕਿਸੇ ਲਈ ਕਿੰਨਾ ਵੱਡਾ ਕੰਮ ਕਰ ਸਕਦੇ ਹਾਂ, ਸਗੋਂ ਇਹ ਸੋਚਣਾ ਚਾਹੀਦਾ ਹੈ ਕਿ ਅਸੀਂ ਅੱਜ ਕਿਸੇ ਦੀ ਜ਼ਿੰਦਗੀ ਵਿੱਚ ਖੁਸ਼ੀ ਦਾ ਇੱਕ ਨਿੱਕਾ ਜਿਹਾ ਪਲ ਕਿਵੇਂ ਜੋੜ ਸਕਦੇ ਹਾਂ।

ਕਈ ਵਾਰ ਇੱਕ ਚੰਗਾ ਬੋਲ ਕਿਸੇ ਟੁੱਟੇ ਹੋਏ ਹੌਸਲੇ ਨੂੰ ਮੁੜ ਖੜ੍ਹਾ ਕਰ ਦਿੰਦਾ ਹੈ। ਇੱਕ ਸੱਚੀ ਮੁਸਕਾਨ ਕਿਸੇ ਦੀ ਉਦਾਸੀ ਦੂਰ ਕਰ ਦਿੰਦੀ ਹੈ ਅਤੇ ਇੱਕ ਨਿੱਕੀ ਜਿਹੀ ਮਦਦ ਕਿਸੇ ਪਰਿਵਾਰ ਲਈ ਵੱਡਾ ਸਹਾਰਾ ਬਣ ਜਾਂਦੀ ਹੈ।

ਜ਼ਿੰਦਗੀ ਬਹੁਤ ਛੋਟੀ ਹੈ। ਇਸ ਨੂੰ ਗਿਲੇ-ਸ਼ਿਕਵਿਆਂ, ਈਰਖਾ, ਨਫ਼ਰਤ ਅਤੇ ਦਿਖਾਵੇ ਵਿੱਚ ਬਰਬਾਦ ਕਰਨ ਦੀ ਬਜਾਏ ਪਿਆਰ, ਮੁਸਕਾਨ ਅਤੇ ਸਾਂਝੀਵਾਲਤਾ ਨਾਲ ਜੀਣਾ ਸਿੱਖਣਾ ਚਾਹੀਦਾ ਹੈ। ਹਰ ਦਿਨ ਨੂੰ ਇੱਕ ਨਵੀਂ ਸ਼ੁਰੂਆਤ ਸਮਝੋ। ਕਿਸੇ ਨੂੰ ਖੁਸ਼ ਕਰਨ ਲਈ ਕਿਸੇ ਖ਼ਾਸ ਦਿਨ ਦੀ ਉਡੀਕ ਨਾ ਕਰੋ। ਕਿਉਂਕਿ ਖੁਸ਼ੀਆਂ ਮਨਾਉਣ ਲਈ ਨਾ ਕੋਈ ਵੱਡਾ ਮੌਕਾ ਚਾਹੀਦਾ ਹੈ ਅਤੇ ਨਾ ਹੀ ਕਿਸੇ ਵੱਡੀ ਪ੍ਰਾਪਤੀ ਦੀ ਲੋੜ ਹੁੰਦੀ ਹੈ।

ਯਾਦ ਰੱਖੋ, ਇੱਕ-ਇੱਕ ਦੀਵਾ ਜਗਦਾ ਹੈ ਤਾਂ ਦੀਵਾਲੀ ਬਣਦੀ ਹੈ ਅਤੇ ਇੱਕ-ਇੱਕ ਖੁਸ਼ੀ ਜੁੜਦੀ ਹੈ ਤਾਂ ਜ਼ਿੰਦਗੀ ਖੂਬਸੂਰਤ ਬਣਦੀ ਹੈ।

ਆਓ, ਇਸ ਦੀਵਾਲੀ 'ਤੇ ਆਪਣੇ ਘਰਾਂ ਦੇ ਨਾਲ-ਨਾਲ ਆਪਣੇ ਦਿਲਾਂ ਵਿੱਚ ਵੀ ਦੀਵੇ ਜਗਾਈਏ। ਕਿਸੇ ਦੀ ਜ਼ਿੰਦਗੀ ਵਿੱਚ ਮੁਸਕਾਨ ਬਣੀਏ, ਕਿਸੇ ਦੇ ਦੁੱਖ ਦਾ ਸਹਾਰਾ ਬਣੀਏ ਅਤੇ ਕਿਸੇ ਦੀ ਖੁਸ਼ੀ ਦਾ ਕਾਰਨ ਬਣੀਏ।

ਕਿਉਂਕਿ ਅਸਲ ਦੀਵਾਲੀ ਉਹ ਨਹੀਂ ਜੋ ਸਿਰਫ਼ ਇੱਕ ਰਾਤ ਨੂੰ ਰੌਸ਼ਨ ਕਰੇ, ਅਸਲ ਦੀਵਾਲੀ ਤਾਂ ਉਹ ਹੈ ਜੋ ਕਿਸੇ ਦੇ ਦਿਲ ਵਿੱਚ ਸਾਰੀ ਉਮਰ ਲਈ ਚਾਨਣ ਕਰ ਜਾਵੇ।**

ਛੋਟੀਆਂ-ਛੋਟੀਆਂ ਖੁਸ਼ੀਆਂ ਨੂੰ ਸੰਭਾਲ ਕੇ ਰੱਖੋ, ਕਿਉਂਕਿ ਇਨ੍ਹਾਂ ਨਾਲ ਹੀ ਜ਼ਿੰਦਗੀ ਦੀ ਸਭ ਤੋਂ ਵੱਡੀ ਖੁਸ਼ੀ ਬਣਦੀ ਹੈ।

ਦੀਵਾਲੀ ਦਾ ਚਾਨਣ ਘਰਾਂ ਤੋਂ ਪਹਿਲਾਂ ਦਿਲਾਂ ਵਿੱਚ ਹੋਵੇ



ਰਸ਼ਪਾਲ ਕੌਰ ਅਧਿਆਪਕਾ, ਕਪੂਰਥਲਾ

ਦੀਵਾਲੀ ਸਿਰਫ਼ ਦੀਵੇ ਜਗਾਉਣ, ਮਠਿਆਈਆਂ ਵੰਡਣ ਅਤੇ ਘਰ ਸਜਾਉਣ ਦਾ ਤਿਉਹਾਰ ਨਹੀਂ। ਇਹ ਆਪਣੇ ਆਪ ਨੂੰ ਪੁੱਛਣ ਦਾ ਵੀ ਮੌਕਾ ਹੈ ਕਿ ਸਾਡੀ ਜ਼ਿੰਦਗੀ ਵਿੱਚ ਅਸਲ ਚਾਨਣ ਕਿੰਨਾ ਹੈ। ਅਸੀਂ ਹਰ ਸਾਲ ਘਰਾਂ ਦੀ ਸਫ਼ਾਈ ਕਰਦੇ ਹਾਂ, ਨਵੀਆਂ ਚੀਜ਼ਾਂ ਖਰੀਦਦੇ ਹਾਂ ਅਤੇ ਸਜਾਵਟ ਕਰਦੇ ਹਾਂ, ਪਰ ਕੀ ਮਨ ਵਿਚੋਂ ਗੁੱਸਾ, ਨਾਰਾਜ਼ਗੀ ਅਤੇ ਪੁਰਾਣੀਆਂ ਰੰਜਿਸ਼ਾਂ ਵੀ ਕੱਢਦੇ ਹਾਂ?

ਅੱਜ ਸਾਡੇ ਕੋਲ ਪਹਿਲਾਂ ਨਾਲੋਂ ਵੱਧ ਸੁੱਖ-ਸਹੂਲਤਾਂ ਹਨ। ਮੋਬਾਈਲ, ਇੰਟਰਨੈੱਟ ਅਤੇ ਸੋਸ਼ਲ ਮੀਡੀਆ ਨੇ ਦੁਨੀਆ ਨੂੰ ਸਾਡੇ ਨੇੜੇ ਕਰ ਦਿੱਤਾ ਹੈ, ਪਰ ਕਈ ਵਾਰ ਆਪਣੇ ਹੀ ਘਰ ਵਿੱਚ ਬੈਠੇ ਲੋਕਾਂ ਕੋਲ ਇੱਕ-ਦੂਜੇ ਲਈ ਸਮਾਂ ਨਹੀਂ ਹੁੰਦਾ। ਇੱਕੋ ਛੱਤ ਹੇਠ ਰਹਿੰਦੇ ਹੋਏ ਵੀ ਹਰ ਕੋਈ ਆਪਣੇ ਫ਼ੋਨ ਦੀ ਦੁਨੀਆ ਵਿੱਚ ਰੁੱਝਿਆ ਰਹਿੰਦਾ ਹੈ। ਦੀਵਾਲੀ ਸਾਨੂੰ ਇਸ ਰੁਝੇਵੇਂ ਵਿਚੋਂ ਕੁਝ ਪਲ ਕੱਢ ਕੇ ਆਪਣੇ ਰਿਸ਼ਤਿਆਂ ਵੱਲ ਮੁੜ ਵੇਖਣ ਦਾ ਮੌਕਾ ਦਿੰਦੀ ਹੈ।

ਇਸ ਮੌਕੇ ਕਿਸੇ ਆਪਣੇ ਕੋਲ ਬੈਠ ਕੇ ਦੋ ਗੱਲਾਂ ਕਰ ਲਈਏ, ਕਿਸੇ ਬਜ਼ੁਰਗ ਦੀਆਂ ਗੱਲਾਂ ਸੁਣ ਲਈਏ ਜਾਂ ਕਿਸੇ ਅਜਿਹੇ ਰਿਸ਼ਤੇਦਾਰ ਨੂੰ ਫ਼ੋਨ ਕਰ ਲਈਏ ਜਿਸ ਨਾਲ ਲੰਮੇ ਸਮੇਂ ਤੋਂ ਗੱਲ ਨਹੀਂ ਹੋਈ। ਕਈ ਵਾਰ ਥੋੜ੍ਹਾ ਜਿਹਾ ਸਮਾਂ ਵੀ ਰਿਸ਼ਤਿਆਂ ਵਿੱਚ ਪਈ ਦੂਰੀ ਨੂੰ ਘਟਾ ਦਿੰਦਾ ਹੈ।

ਦੀਵਾਲੀ ਦੀ ਖੁਸ਼ੀ ਵਿੱਚ ਪਟਾਕੇ ਚਲਾਉਣ ਦਾ ਵੀ ਰਿਵਾਜ ਹੈ। ਪਰ ਲੋੜ ਤੋਂ ਵੱਧ ਪਟਾਕੇ ਚਲਾਉਣ ਦੀ ਬਜਾਏ ਇਸ ਵਾਰ ਥੋੜ੍ਹਾ ਧਿਆਨ ਰੱਖੀਏ। ਘੱਟ ਪਟਾਕਿਆਂ ਨਾਲ ਵੀ ਦੀਵਾਲੀ ਦੀ ਖੁਸ਼ੀ ਮਨਾਈ ਜਾ ਸਕਦੀ ਹੈ। ਬੇਲੋੜੇ ਸ਼ੋਰ ਅਤੇ ਧੂੰਏਂ ਤੋਂ ਬਚਦੇ ਹੋਏ ਆਓ, ਇਸ ਵਾਰ ਹਰੀ ਦੀਵਾਲੀ ਮਨਾਈਏ। ਦੀਵਿਆਂ ਦੀ ਰੌਸ਼ਨੀ ਅਤੇ ਆਪਣੇਪਣ ਨਾਲ ਭਰੀ ਦੀਵਾਲੀ ਵੀ ਓਨੀ ਹੀ ਖੂਬਸੂਰਤ ਹੁੰਦੀ ਹੈ।

ਦੀਵਾਲੀ ਦੀ ਖੁਸ਼ੀ ਸਾਂਝੀ ਕਰਨ ਦੀ ਵੀ ਪਰੰਪਰਾ ਹੈ। ਅੱਜ ਸਾਡੇ ਆਲੇ-ਦੁਆਲੇ ਜ਼ਿਆਦਾਤਰ ਲੋਕ ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹਨ। ਇਸ ਲਈ ਇਸ ਤਿਉਹਾਰ ਨੂੰ ਸਿਰਫ਼ ਮਦਦ ਕਰਨ ਦੀ ਭਾਵਨਾ ਤੱਕ ਸੀਮਤ ਕਰਨ ਦੀ ਬਜਾਏ, ਆਪਣੇ ਪਰਿਵਾਰ, ਦੋਸਤਾਂ ਅਤੇ ਗੁਆਂਢੀਆਂ ਨਾਲ ਖੁਸ਼ੀਆਂ ਸਾਂਝੀਆਂ ਕਰਨ ਦਾ ਮੌਕਾ ਬਣਾਈਏ। ਜੇ ਕਿਸੇ ਨੂੰ ਸਾਡੀ ਮਦਦ ਦੀ ਲੋੜ ਹੋਵੇ ਤਾਂ ਪਿੱਛੇ ਨਾ ਹਟੀਏ, ਪਰ ਤਿਉਹਾਰ ਦੀ ਅਸਲ ਖੁਸ਼ੀ ਆਪਣਾਪਣ ਵਧਾਉਣ ਵਿੱਚ ਵੀ ਹੈ।

ਅੱਜ ਦੀ ਦੀਵਾਲੀ ਵਿੱਚ ਦਿਖਾਵਾ ਵੀ ਕਾਫ਼ੀ ਵਧ ਗਿਆ ਹੈ। ਮਹਿੰਗੀਆਂ ਚੀਜ਼ਾਂ, ਵੱਡੀਆਂ ਸਜਾਵਟਾਂ ਅਤੇ ਸੋਸ਼ਲ ਮੀਡੀਆ 'ਤੇ ਤਸਵੀਰਾਂ ਪਾਉਣ ਦਾ ਰੁਝਾਨ ਆਮ ਹੋ ਗਿਆ ਹੈ। ਇਸ ਵਿੱਚ ਕੋਈ ਬੁਰਾਈ ਨਹੀਂ, ਪਰ ਤਿਉਹਾਰ ਦੀ ਖੁਸ਼ੀ ਸਿਰਫ਼ ਦਿਖਾਵੇ ਤੱਕ ਸੀਮਤ ਨਹੀਂ ਹੋਣੀ ਚਾਹੀਦੀ। ਸੁੰਦਰ ਘਰ ਨਾਲੋਂ ਵੱਧ ਜ਼ਰੂਰੀ ਹੈ ਕਿ ਉਸ ਘਰ ਵਿੱਚ ਰਹਿਣ ਵਾਲਿਆਂ ਦੇ ਦਿਲ ਵੀ ਖੁਸ਼ ਹੋਣ।ਦੀਵਾ ਇੱਕ ਹੋਵੇ ਜਾਂ ਸੌ, ਉਸ ਦਾ ਕੰਮ ਚਾਨਣ ਕਰਨਾ ਹੈ। ਇਸੇ ਤਰ੍ਹਾਂ ਸਾਡੇ ਅੰਦਰ ਦਾ ਪਿਆਰ, ਸਾਡੀ ਮਾਫ਼ੀ ਅਤੇ ਸਾਡਾ ਆਪਣਾਪਣ ਵੀ ਕਿਸੇ ਨਾ ਕਿਸੇ ਦਿਲ ਨੂੰ ਰੌਸ਼ਨ ਕਰ ਸਕਦਾ ਹੈ। ਜਿਸ ਨਾਲ ਗਿਲਾ ਹੈ, ਉਸ ਨੂੰ ਮਾਫ਼ ਕਰਨ ਦੀ ਕੋਸ਼ਿਸ਼ ਕਰੀਏ ਅਤੇ ਜਿਸ ਨਾਲ ਦੂਰੀ ਬਣ ਗਈ ਹੈ, ਉਸ ਨਾਲ ਮੁੜ ਗੱਲ ਕਰਨ ਦੀ ਪਹਿਲ ਕਰੀਏ।


ਆਓ, ਇਸ ਵਾਰ ਦੀਵਾਲੀ ਸਿਰਫ਼ ਦੀਵੇ ਜਗਾ ਕੇ ਨਹੀਂ, ਸਗੋਂ ਦਿਲਾਂ ਵਿੱਚ ਚਾਨਣ ਕਰਕੇ ਮਨਾਈਏ।


































ਅਦਾਰਾ ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ, ਖਬਰਾਂ ਆਰਟੀਕਲਾਂ ਅਤੇ ਹੋਰ ਮੈਟਰ ਦੀ ਪੁਸ਼ਟੀ ਨਹੀ ਕਰਦਾ ਹੈ ਜਿਸਦੇ ਲਈ ਭੇਜਣ ਵਾਲੇ ਖੁਦ ਜਿੰਮੇਵਾਰ ਹੋਣਗੇ। ਰੋਜ਼ਾਨਾ ਸਾਂਝੀ ਖ਼ਬਰ ਵਿੱਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ ਵਿਵਾਦ ਸਬੰਧੀ ਕੇਸ਼ਾਂ ਦਾ ਨਿਪਟਾਰਾ ਸਿਰਫ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਚੰਡੀਗੜ ਵਿੱਚ ਹੋਵੇਗਾ।
ਮਾਲਕ ਨਰਿੰਦਰ ਜੱਗਾ ਪ੍ਰਕਾਸ਼ਿਕ ਪ੍ਰਿੰਟਰ ਅਤੇ ਮੁੱਖ ਸੰਪਾਦਕ ਪੀ ਐਸ ਮਿੱਠਾ, ਸਹਿ ਸੰਪਾਦਕ ਸੰਦੀਪ ਸਿੰਘ
ਰੋਜ਼ਾਨਾ ਸਾਂਝੀ ਖ਼ਬਰ ਦਾ ਇਹ ਡਿਜੀਟਲ ਐਡੀਸ਼ਨ ਪਟਿਆਲਾ ਰੋਡ ਨੇੜੇ ਪੰਜਾਬ ਐਂਡ ਸਿੰਧ ਬੈਂਕ ਜੀਰਕੁਪਰ ਜਿਲ੍ਹਾ ਮੋਹਾਲੀ ਪੰਜਾਬ ਤੋਂ ਰਿਲੀਜ਼ ਕੀਤਾ ਹੈ

ਅਦਾਰਾ ਸਾਂਝੀ ਖ਼ਬਰ ਦੇ ਪਾਠਕਾਂ ਅਤੇ ਸਮੂਹ ਦੇਸ਼ ਵਾਸੀਆਂ ਨੂੰ
ਦਿਵਾਲੀ ਅਤੇ ਬੰਦੀਛੋੜ ਦਿਵਸ
ਦੀਆਂ ਲੱਖ ਲੱਖ ਵਧਾਈਆਂ



ਅਲਕਾ ਸੈਣੀ ਉਪ ਮੰਡਲ
ਪ੍ਰਧਾਨ ਅਤੇ ਭਾਜਪਾ ਕੌਂਸਲਰ ਵਾਰਡ
ਨੰ: 4 ਜ਼ੀਰਕਪੁਰ।

ਅਦਾਰਾ ਸਾਂਝੀ ਖ਼ਬਰ ਦੇ ਪਾਠਕਾਂ ਅਤੇ ਸਮੂਹ ਦੇਸ਼ ਵਾਸੀਆਂ ਨੂੰ
ਦਿਵਾਲੀ ਅਤੇ ਬੰਦੀਛੋੜ ਦਿਵਸ
ਦੀਆਂ ਲੱਖ ਲੱਖ ਵਧਾਈਆਂ



ਦੀਵਾਲੀ ਤੇ ਆਓ ਸ਼ਾਂਤੀ ਦਾ ਦੀਪਕ ਜਗਾਈਏ ਤੇ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਈਏ । ਨਸ਼ੇ ਖਾਤਮੇ ਲਈ ਆਓ ਸਾਰੇ ਸਰਕਾਰ ਦਾ ਸਹਿਯੋਗ ਕਰੀਏ।ਕਲਾਕਾਰ ਵੀ ਇਸ ਚ ਯੋਗਦਾਨ ਦੇਣ। ਬੰਦੀ ਛੋੜ ਦਿਵਸ ਤੇ ਦੀਵਾਲੀ ਮੁਬਾਰਕ
ਦੀਪਕ ਬਾਲੀ

ਅਦਾਰਾ ਸਾਂਝੀ ਖ਼ਬਰ ਦੇ ਪਾਠਕਾਂ ਅਤੇ ਸਮੂਹ ਦੇਸ਼ ਵਾਸੀਆਂ ਨੂੰ
ਦਿਵਾਲੀ ਅਤੇ ਬੰਦੀਛੋੜ ਦਿਵਸ
ਦੀਆਂ ਲੱਖ ਲੱਖ ਵਧਾਈਆਂ



ਪੰਜਾਬ ਦੇ ਸਾਰੇ ਲੋਕਾਂ ਨੂੰ ਦੀਵਾਲੀ ਤੇ ਬੰਦੀ ਛੋੜ ਦਿਵਸ ਦੀ ਵਧਾਈ ਹੋਏ।ਆਓ ਨਸ਼ੇ ਨੂੰ ਖਤਮ ਕਰਨ ਲਈ ਦ੍ਰਿੜ ਬਣ ਬੱਚਿਆਂ ਨੂੰ ਸਮਝਾਈਏ।ਕਲਾਕਾਰ ਹਮੇਸ਼ਾ ਪੰਜਾਬੀਆਂ ਦੇ ਦੁੱਖ ਸੁੱਖ ਚ ਹਾਜ਼ਿਰ ਹਨ।
ਸੁਰਜੀਤ ਭੁੱਲਰ ਗਾਇਕ

ਅਦਾਰਾ ਸਾਂਝੀ ਖ਼ਬਰ ਦੇ ਪਾਠਕਾਂ ਅਤੇ ਸਮੂਹ ਦੇਸ਼ ਵਾਸੀਆਂ ਨੂੰ
ਦਿਵਾਲੀ ਅਤੇ ਬੰਦੀਛੋੜ ਦਿਵਸ
ਦੀਆਂ ਲੱਖ ਲੱਖ ਵਧਾਈਆਂ

ਪੰਜਾਬ ਦੇ ਸਾਰੇ ਲੋਕਾਂ ਨੂੰ ਦੀਵਾਲੀ ਤੇ ਬੰਦੀ ਛੋੜ ਦਿਵਸ ਦੀ ਵਧਾਈ ਹੋਏ।ਆਓ ਪੰਜਾਬ ਸਰਕਾਰ ਨਸ਼ੇ ਨੂੰ ਖਤਮ ਕਰਨ ਲਈ ਦ੍ਰਿੜ ਹੈ ਜਨਤਾ ਸਾਥ ਦੇਵੇ ।ਸਵਰਨ ਸਲਾਰੀਆ ਜੀ ਪਠਾਨਕੋਟ ਤੋਂ ਜਨਤਾ ਦੀ ਸੇਵਾ ਵਿੱਚ ਹਾਜ਼ਿਰ।
ਜਤਿੰਦਰ ਸ਼ਰਮਾ ਓ ਐਸ ਡੀ ਸਵਰਨ ਸਲਾਰੀਆ



ਜ਼ੀਰਕਪੁਰ-ਡੇਰਾਬੱਸੀ ਦੀ ਸਿਆਸਤ ਵਿੱਚ ਤਜਰਬਾ ਬਨਾਮ ਨਵੇਂ ਚਿਹਰੇ! ਕੀ ਐਨ.ਕੇ. ਸ਼ਰਮਾ ਬਣ ਸਕਦੇ ਹਨ ਹਲਕੇ ਦੀਆਂ ਉਮੀਦਾਂ ਦਾ ਕੇਂਦਰ?

ਇੱਕ-ਇੱਕ ਗਲੀ, ਮੁਹੱਲੇ ਅਤੇ ਇਲਾਕੇ ਦੀ ਭੂਗੋਲਿਕ ਸਥਿਤੀ ਤੋਂ ਜਾਣੂ ਆਗੂ ਹੋਣ ਦਾ ਮਿਲ ਸਕਦਾ ਹੈ ਫਾਇਦਾ; ਪਰ ਲੋਕਾਂ ਨੂੰ ਚਾਹੀਦਾ ਹੈ ਸਿਰਫ਼ ਤਜਰਬਾ ਨਹੀਂ, ਕੰਮ ਦਾ ਹਿਸਾਬ ਵੀ।

ਜ਼ੀਰਕਪੁਰ-ਡੇਰਾਬੱਸੀ ਹਲਕੇ ਦੀ ਸਿਆਸਤ ਵਿੱਚ ਆਉਣ ਵਾਲੇ ਸਮੇਂ ਦੌਰਾਨ ਨਵੇਂ ਅਤੇ ਪੁਰਾਣੇ ਚਿਹਰਿਆਂ ਵਿਚਕਾਰ ਮੁਕਾਬਲਾ ਦਿਲਚਸਪ ਹੋਣ ਦੇ ਆਸਾਰ ਹਨ। ਕਈ ਨਵੇਂ ਆਗੂ ਲੋਕਾਂ ਵਿੱਚ ਆਪਣੀ ਪਛਾਣ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਦਕਿ ਦੂਜੇ ਪਾਸੇ ਸਾਬਕਾ ਵਿਧਾਇਕ ਐਨ.ਕੇ. ਸ਼ਰਮਾ ਵਰਗੇ ਤਜਰਬੇਕਾਰ ਸਿਆਸੀ ਚਿਹਰੇ ਵੀ ਚਰਚਾ ਵਿੱਚ ਹਨ।

ਸਵਾਲ ਇਹ ਨਹੀਂ ਕਿ ਨਵਾਂ ਆਗੂ ਚੰਗਾ ਹੈ ਜਾਂ ਪੁਰਾਣਾ, ਸਵਾਲ ਇਹ ਹੈ ਕਿ ਹਲਕੇ ਦੀਆਂ ਜ਼ਮੀਨੀ ਸਮੱਸਿਆਵਾਂ ਨੂੰ ਕੌਣ ਬਿਹਤਰ ਸਮਝਦਾ ਹੈ ਅਤੇ ਉਨ੍ਹਾਂ ਦੇ ਹੱਲ ਲਈ ਕੌਣ ਗੰਭੀਰਤਾ ਨਾਲ ਕੰਮ ਕਰ ਸਕਦਾ ਹੈ?

ਐਨ.ਕੇ. ਸ਼ਰਮਾ ਦੇ ਹੱਕ ਵਿੱਚ ਇੱਕ ਵੱਡੀ ਦਲੀਲ ਉਨ੍ਹਾਂ ਦਾ ਲੰਮਾ ਸਿਆਸੀ ਤਜਰਬਾ ਅਤੇ ਪੁਆਧ ਦੀ ਧਰਤੀ ਨਾਲ ਜੁੜਾਅ ਹੈ। ਇਲਾਕੇ ਦੇ ਪਿੰਡਾਂ, ਕਲੋਨੀਆਂ, ਗਲੀਆਂ ਅਤੇ ਮੁਹੱਲਿਆਂ ਦੀ ਜਾਣਕਾਰੀ ਉਨ੍ਹਾਂ ਦੀ ਸਿਆਸੀ ਤਾਕਤ ਮੰਨੀ ਜਾਂਦੀ ਹੈ। ਇੱਕ ਅਜਿਹੇ ਹਲਕੇ ਵਿੱਚ ਜਿੱਥੇ ਹਰ ਸਾਲ ਨਵੀਆਂ ਕਲੋਨੀਆਂ ਵੱਸ ਰਹੀਆਂ ਹਨ ਅਤੇ ਪੁਰਾਣੀਆਂ ਸਮੱਸਿਆਵਾਂ ਵੀ ਜਿਉਂ ਦੀਆਂ ਤਿਉਂ ਹਨ, ਉੱਥੇ ਸਥਾਨਕ ਜਾਣਕਾਰੀ ਅਤੇ ਪ੍ਰਸ਼ਾਸਨਿਕ ਤਜਰਬਾ ਅਹਿਮ ਭੂਮਿਕਾ ਨਿਭਾ ਸਕਦਾ ਹੈ।

ਪਰ ਦੂਜਾ ਪੱਖ ਵੀ ਉਨਾ ਹੀ ਮਹੱਤਵਪੂਰਨ ਹੈ। ਪਿਛਲੇ ਕਾਰਜਕਾਲ ਦੌਰਾਨ ਕਿਹੜੇ ਵਿਕਾਸ ਕਾਰਜ ਹੋਏ, ਕਿਹੜੇ ਅਧੂਰੇ ਰਹਿ ਗਏ ਅਤੇ ਲੋਕਾਂ ਦੀਆਂ ਕਿਹੜੀਆਂ ਉਮੀਦਾਂ ਪੂਰੀਆਂ ਨਹੀਂ ਹੋ ਸਕੀਆਂ? ਇਨ੍ਹਾਂ ਸਵਾਲਾਂ ਦੇ ਜਵਾਬ ਵੀ ਜਨਤਾ ਨੂੰ ਮਿਲਣੇ ਚਾਹੀਦੇ ਹਨ।



ਅੱਜ ਜ਼ੀਰਕਪੁਰ-ਡੇਰਾਬੱਸੀ ਦੇ ਲੋਕ ਨਸ਼ਿਆਂ, ਚੋਰੀਆਂ, ਟ੍ਰੈਫਿਕ ਜਾਮ, ਨਾਜਾਇਜ਼ ਕਾਲੋਨੀਆਂ, ਸੀਵਰੇਜ, ਪੀਣ ਵਾਲੇ ਪਾਣੀ ਅਤੇ ਸੜਕਾਂ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਲੋਕਾਂ ਨੂੰ ਅਜਿਹਾ ਨੁਮਾਇੰਦਾ ਚਾਹੀਦਾ ਹੈ ਜੋ ਚੋਣਾਂ ਤੋਂ ਬਾਅਦ ਵੀ ਉਨ੍ਹਾਂ ਦੇ ਫੋਨ ਚੁੱਕੇ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣੇ ਅਤੇ ਅਧਿਕਾਰੀਆਂ ਤੋਂ ਕੰਮ ਕਰਵਾਉਣ ਦੀ ਸਮਰੱਥਾ ਰੱਖੇ।

ਐਨ.ਕੇ. ਸ਼ਰਮਾ ਕੋਲ ਤਜਰਬੇ ਦੀ ਪੂੰਜੀ ਹੈ, ਪਰ ਹੁਣ ਸਮਾਂ ਹੈ ਕਿ ਉਹ ਵੀ ਜਨਤਾ ਸਾਹਮਣੇ ਆਪਣੇ ਪਿਛਲੇ ਕੰਮਾਂ ਦਾ ਹਿਸਾਬ ਅਤੇ ਭਵਿੱਖ ਦਾ ਸਪੱਸ਼ਟ ਵਿਕਾਸ ਮਾਡਲ ਰੱਖਣ। ਇਸੇ ਤਰ੍ਹਾਂ ਨਵੇਂ ਚਿਹਰਿਆਂ ਨੂੰ ਵੀ ਸਿਰਫ਼ ਵਾਅਦਿਆਂ ਦੀ ਬਜਾਏ ਆਪਣੀ ਯੋਜਨਾ ਅਤੇ ਯੋਗਤਾ ਸਾਬਤ ਕਰਨੀ ਪਵੇਗੀ।

ਸਾਡਾ ਮਕਸਦ ਕਿਸੇ ਇੱਕ ਆਗੂ ਦੀ ਵਕਾਲਤ ਕਰਨਾ ਨਹੀਂ, ਸਗੋਂ ਲੋਕਾਂ ਦੇ ਸਾਹਮਣੇ ਸਹੀ ਸਵਾਲ ਰੱਖਣਾ ਹੈ।

ਕਿਉਂਕਿ ਲੋਕਤੰਤਰ ਵਿੱਚ ਨਾ ਪੁਰਾਣਾ ਹੋਣਾ ਆਪਣੇ ਆਪ ਵਿੱਚ ਯੋਗਤਾ ਹੈ ਅਤੇ ਨਾ ਹੀ ਨਵਾਂ ਹੋਣਾ ਕਮਜ਼ੋਰੀ। ਅਸਲ ਯੋਗਤਾ ਲੋਕਾਂ ਦੇ ਕੰਮ ਆਉਣ, ਇਮਾਨਦਾਰੀ ਅਤੇ ਜਵਾਬਦੇਹੀ ਵਿੱਚ ਹੈ।

ਹੁਣ ਫੈਸਲਾ ਜਨਤਾ ਨੇ ਕਰਨਾ ਹੈ — ਹਲਕੇ ਨੂੰ ਤਜਰਬਾ ਚਾਹੀਦਾ ਹੈ, ਨਵੀਂ ਸੋਚ ਚਾਹੀਦੀ ਹੈ ਜਾਂ ਦੋਵਾਂ ਦਾ ਸੁਮੇਲ?

ਪੱਤਰਕਾਰ
ਦਿਲਬਾਗ ਸਿੰਘ ਕੰਬੋਜ
ਮੀਡੀਆ ਇੰਚਾਰਜ,
ਹਲਕਾ ਐਸ.ਏ.ਐਸ. ਨਗਰ
ਮੋਹਾਲੀ, ਪੰਜਾਬ

ਅਦਾਰਾ ਸਾਂਝੀ ਖ਼ਬਰ ਦੇ ਪਾਠਕਾਂ ਅਤੇ ਸਮੂਹ ਦੇਸ਼ ਵਾਸੀਆਂ ਨੂੰ
ਦਿਵਾਲੀ ਅਤੇ ਬੰਦੀਛੋੜ ਦਿਵਸ
ਦੀਆਂ ਲੱਖ ਲੱਖ ਵਧਾਈਆਂ

Baba Honey Jindal
Dera Bendra Sangrur




ਅਦਾਰਾ ਸਾਂਝੀ ਖ਼ਬਰ ਦੇ ਪਾਠਕਾਂ ਅਤੇ ਸਮੂਹ ਦੇਸ਼ ਵਾਸੀਆਂ ਨੂੰ
ਦਿਵਾਲੀ ਅਤੇ ਬੰਦੀਛੋੜ ਦਿਵਸ
ਦੀਆਂ ਲੱਖ ਲੱਖ ਵਧਾਈਆਂ



Surinder Morwal
Journalist Zirakpur

ਅਦਾਰਾ ਸਾਂਝੀ ਖ਼ਬਰ ਦੇ ਪਾਠਕਾਂ ਅਤੇ ਸਮੂਹ ਦੇਸ਼ ਵਾਸੀਆਂ ਨੂੰ
ਦਿਵਾਲੀ ਅਤੇ ਬੰਦੀਛੋੜ ਦਿਵਸ
ਦੀਆਂ ਲੱਖ ਲੱਖ ਵਧਾਈਆਂ



Parmeet Singh Mitha
Advocate.
Punjab & Haryana High Court
Director ,Sanjhikhabar

ਅਦਾਰਾ ਸਾਂਝੀ ਖ਼ਬਰ ਦੇ ਪਾਠਕਾਂ ਅਤੇ ਸਮੂਹ ਦੇਸ਼ ਵਾਸੀਆਂ ਨੂੰ
ਦਿਵਾਲੀ ਅਤੇ ਬੰਦੀਛੋੜ ਦਿਵਸ
ਦੀਆਂ ਲੱਖ ਲੱਖ ਵਧਾਈਆਂ

PS Mittha
Editor
Daily Sanjhi khabar
Punjabi News Paper Chd



ਫਿਲਮੀ ਅਤੇ ਸੰਗੀਤਕ ਪੱਤਰਕਾਰ ਅ੍ਰਮਿੰਤ ਪਵਾਰ ਦਾ
ਵਿਸ਼ੇਸ਼ ਸਪਲੀਮੈਂਟ 62804—94562





ਰਾਜਨ ਬੱਤਰਾ
ਫਿਲਮ ਨਿਰਮਾਤਾ
98155 71111



ਬੱਲੀ ਰੰਧਾਵਾ ਚੜਦੀਕਲਾ
ਟਾਈਮ ਟੀਵੀ
99147_37005



ਬੱਲੀ ਜੇਠੂਵਾਲ
ਗੀਤਕਾਰ ਪੇਸ਼ਕਾਰ
+91 95487 00009



ਜੋਗਾ ਪਵਾਰ
ਯੂ ਕੇ



ਸਰਬਜੀਤ ਬੁੱਗਾ
ਮਨਪ੍ਰੀਤ _
99146 60006

ਦੀਵਾਲੀ
ਅਤੇ
ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਮੁਬਾਰਕਾਂ
Miri Piri di Yadi



ਗੁਰਵਿੰਦਰ ਸਿੰਘ ਰੰਧਾਵਾ
ਸਾਬਕਾ ਚੇਅਰਮੈਨ ਮਹਿਤਾ
ਫੋਨ 98151 96105



ਮਨੇਜ ਤਨੇਜਾ
ਯੂਥ ਆਗੂ
98152 20010



ਗੁਰਮੁੱਖ ਲੋਹਾਰ
ਗੀਤਕਾਰ
98158 98640



ਸਿਦਕ ਗਿੱਲ
ਪਾਲੀਵੁੱਡ ਹੀਰੋ



ਹਾਲੀਵੁੱਡ ਐਕਟਰ
ਇੰਦਰਜੀਤ ਕੁਮਾਰ
+1 (812) 946-2324



ਅਮਨ ਪੁਨੀਆ
ਐਕਟ੍ਰੈਸ
ਖੇਡ ਟਰੇਨਰ



ਕਮਲਜੀਤ ਕਮਲ ਪਾਹੜਾ
ਗਾਇਕ
70060 75142



ਗਾਇਕ ਹਰਪ੍ਰੀਤ ਰੰਧਾਵਾ
+1 (647) 771-1890



ਗਾਇਕ ਨਿੰਮਾ ਮਹਿਰਮ
ਪੁਰੀਆ
+1 (916) 549-0265



ਗੀਤਕਾਰ ਮੱਖਣ ਲੋਹਾਰ
+1 (916) 613-0577



ਗੁਰਦੇਵ ਸਿੰਘ ਪਵਾਰ
ਕਬੱਡੀ ਪ੍ਰਮੋਟਰ
99155 11462

